**File No.DIPR-PRSS0PRS1(356)/743/2020-DPRO Amritsar**

**I/21366/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਡਿਪਟੀ ਕਮਿਸ਼ਨਰ ਵੱਲੋਂ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਮਨਾਹੀ

ਅੰਮ੍ਰਿਤਸਰ, 30 ਅਪ੍ਰੈਲ (          )-

ਕਣਕ ਦੀ ਵਾਢੀ ਉਪਰੰਤ ਬਚਦੇ ਨਾੜ ਵਿਚੋਂ ਭਾਵੇਂ ਬਹੁਤਾ ਨਾੜ ਪਸ਼ੂਆਂ ਲਈ ਤੂੜੀ ਬਨਾਉਣ ਲਈ ਵਰਤ ਲਿਆ ਜਾਂਦਾ ਹੈ, ਪਰ ਕਈ ਵਾਰ ਕਿਸਾਨ ਥੋੜੇ ਬਚੀ ਰਹਿੰਦ-ਖੂੰਹਦ ਨੂੰ ਵੀ ਅੱਗ ਲਗਾਉਣ ਦੀ ਕੋਸ਼ਿਸ਼ ਕਰਦੇ ਹਨ , ਜੋ ਕਿ ਇਸ ਵਾਰ ਸਖਤੀ ਨਾਲ ਰੋਕੀ ਜਾਵੇਗੀ। ਉਕਤ ਸਬਦਾਂ ਦਾ ਪ੍ਰਗਟਾਵਾ ਕਰਦੇ ਜਿਲਾ ਖੇਤੀ ਅਧਿਕਾਰੀ ਸ. ਹਰਿੰਦਰਜੀਤ ਸਿਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਵੱਲੋਂ ਨਾੜ ਸਾੜਨ ਉਤੇ ਰੋਕ ਲਗਾਉਣ ਦੀ ਮਨਾਹੀ ਦੇ ਹੁੱਕਮ ਜਾਰੀ ਹੋ ਚੁੱਕੇ ਹਨ ਅਤੇ ਖੇਤੀਬਾੜੀ ਵਿਭਾਗ ਦੇ ਸੈਕਟਰੀ ਅਤੇ ਮਿਸ਼ਨ ਤੰਦਰੁਸਤ ਪੰਜਾਬ ਦੇ ਡਾਇਰੈਕਟਰ ਸ. ਕਾਹਨ ਸਿੰਘ ਪੰਨੂੰ ਅਤੇ ਡਾਇਰੈਕਟਰ ਖੇਤੀਬਾੜੀ ਡਾ. ਸੁਤੰਤਰ ਕੁਮਾਰ ਐਰੀ ਵੱਲੋਂ ਵੀ ਸਾਰੇ ਪੰਜਾਬ ਵਿਚ ਵਿਭਾਗ ਦੇ ਅਧਿਕਾਰੀਆਂ ਨੂੰ ਨਾੜ ਸਾੜਨ ਤੋਂ ਰੋਕਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਉਨਾਂ ਦੱਸਿਆ ਕਿ ਵਿਭਾਗ ਨੇ ਜਿਲੇ ਵਿਚ ਟੀਮਾਂ ਬਣਾ ਕੇ ਡਿਊਟੀ ਖੇਤਰ ਵਾਰ ਲਗਾ ਦਿੱਤੀ ਹੈ , ਤਾਂ ਕਿ ਹਰੇਕ ਖੇਤ ਉਤੇ ਨਜ਼ਰ ਰਹੇ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਨਾੜ ਸਾੜ ਕੇ ਕਿਸਾਨ ਮੁਫਤ ਵਿਚ ਮਿਲਦਾ ਨਾਈਟਰੋਜ਼ਨ , ਪੋਟਾਸ਼, ਫਾਸਫੋਰਸ ਆਦਿ ਤੱਤ ਗੁਆ ਲੈਂਦੇ ਹਨ ਅਤੇ ਫਿਰ ਝੋਨੇ ਦੀ ਖੇਤੀ ਲਈ ਮੁੱਲ ਲੈ ਕੇ ਖੇਤ ਵਿਚ ਪਾਉਂਦੇ ਹਨ। ਇਸ ਤਰਾਂ ਇਕ ਤਾਂ ਵੱਡੀ ਗਿਣਤੀ ਵਿਚ ਕਾਰਬਨ ਡਾਇਆ ਅਕਸਾਈਡ , ਕਾਰਬਨ ਮੋਨੋ ਆਕਸਾਈਡ ਤੇ ਮੀਥੇਨ ਵਰਗੀਆਂ ਜ਼ਹਰੀਲੀਆਂ ਗੈਸਾਂ ਸਾਡੀ ਸਿਹਤ ਨੂੰ ਨੁਕਸਨ ਪਹੁੰਚਾਉਂਦੀਆਂ ਹਨ , ਦੂਸਰਾ ਰਸਾਇਣਕ ਖਾਦਾਂ ਸਾਡੀ ਜੇਬ ਉਤੇ ਭਾਰੀ ਪੈਂਦੀਆਂ ਹਨ। ਉਨਾਂ ਕਿਹਾ ਕਿ ਕਿਸਾਨ ਜੇਕਰ ਇਹ ਨਾੜ-ਪਰਾਲੀ ਨਾ ਸਾੜਨ ਤਾਂ ਜਮੀਨ ਦੀ ਉਪਜਾਊ ਸ਼ਕਤੀ ਵਿਚ ਅਥਾਹ ਵਾਧਾ ਹੋ ਸਕਦਾ ਹੈ, ਜੋ ਕਿ ਫਸਲ ਦਾ ਝਾੜ ਵਧਾ ਕੇ ਕਿਸਾਨ ਦੀ ਆਰਥਿਕਤਾ ਮਜ਼ਬੂਤ ਕਰੇਗਾ।

==========

**File No.DIPR-PRSS0PRS1(356)/743/2020-DPRO Amritsar**

**I/21367/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

2 ਮਈ ਨੂੰ ਬੰਦ ਰਹੇਗਾ ਜੌੜਾ ਫਾਟਕ

ਅੰਮ੍ਰਿਤਸਰ, 30 ਅਪ੍ਰੈਲ ( )-ਰੇਲਵੇ ਵਿਭਾਗ ਵੱਲੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਅੰਮ੍ਰਿਤਸਰ-ਦਿੱਲੀ ਰੇਲ ਮਾਰਗ ਉਤੇ ਸਥਿਤ ਰੇਲਵੇ ਫਾਟਕ ਨੰਬਰ ਐਸ- 27, ਜੋ ਕਿ ਜੌੜਾ ਫਾਟਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ , 2 ਮਈ ਨੂੰ ਰੇਲਵੇ ਪਟੜੀ ਦੀ ਮੁਰੰਮਤ ਲਈ ਬੰਦ ਰੱਖਿਆ ਜਾਵੇਗਾ। ਇਹ ਜਾਣਕਾਰੀ ਦਿੰਦੇ ਉਤਰੀ ਰੇਲਵੇ ਅੰਮ੍ਰਿਤਸਰ ਦੇ ਸਹਾਇਕ ਡਵੀਜ਼ਨਲ ਇੰਜੀਨੀਅਰ ਨੇ ਦੱਸਿਆ ਕਿ 2 ਮਈ ਨੂੰ ਰੇਲਵੇ ਪਟੜੀ ਦੀ ਜ਼ਰੂਰੀ ਮੁਰੰਮਤ ਕਰਨੀ ਪੈ ਰਹੀ ਹੈ , ਇਸ ਲਈ ਇਸ ਦਿਨ ਜੌੜਾ ਫਾਟਕ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਬੰਦ ਰੱਖਿਆ ਜਾਵੇਗਾ। ਉਨਾਂ ਸਪੱਸ਼ਟ ਕੀਤਾ ਕਿ ਫਾਟਕ ਬੰਦ ਹੋਣ ਕਾਰਨ ਲੋਕਾਂ ਇਸ ਰਸਤੇ ਨਹੀਂ ਆ ਸਕਣਗੇ ਅਤੇ ਜੋ ਵੀ ਰੇਲ ਪਟੜੀ ਪਾਰ ਕਰਨਾ ਚਾਹੇਗਾ ਉਹ ਸ਼ਿਵਾਲਾ ਫਾਟਕ, ਵੱਲਾ ਫਾਟਕ ਜਾਂ ਜੀ ਟੀ ਰੋਡ ਬਾਈਪਾਸ ਦੀ ਹੀ ਵਰਤੋਂ ਕਰਨ।

=========

**File No.DIPR-PRSS0PRS1(356)/743/2020-DPRO Amritsar**

**I/21370/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਡਾਕਟਰੀ ਲੋੜਾਂ ਲਈ ਜ਼ਿਲਾ ਪ੍ਰਸ਼ਾਸ਼ਨ ਨੇ ਦਿੱਤੀ 'ਉਬਰ' ਨੂੰ ਆਗਿਆ

ਟੈਕਸੀ ਲਈ ਕਰਫਿਊ ਪਾਸ ਦੀ ਵੀ ਨਹੀਂ ਪਵੇਗੀ ਲੋੜ

ਅੰਮ੍ਰਿਤਸਰ, 30 ਅਪ੍ਰੈਲ ( )-ਕੋਵਿਡ 19 ਤੋਂ ਬਚਾਅ ਲਈ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕਰਫਿਊ ਦੇ ਚੱਲਦੇ ਆਮ ਮਰੀਜ਼ਾਂ ਨੂੰ ਹਸਪਤਾਲ ਤੱਕ ਲਿਜਾਣ , ਲਿਆਉਣ ਤੇ ਉਨਾਂ ਦੀ ਦੇਖਭਾਲ ਕਰਨ ਵਾਲੇ ਪਰਿਵਾਰ ਦੇ ਮੈਂਬਰਾਂ ਨੂੰ ਆਉਣ-ਜਾਣ ਲਈ ਜਿਲਾ ਪ੍ਰਸ਼ਾਸ਼ਨ ਵੱਲੋਂ ਟੈਕਸੀ ਸੇਵਾ ਪ੍ਰਦਾਨ ਕਰਨ ਵਾਲੀ ਕੰਪਨੀ ਉਬਰ ਇੰਡੀਆ ਨਾਲ ਹੱਥ ਮਿਲਾਇਆ ਗਿਆ ਹੈ। ਜਿਲਾ ਮੈਜਿਸਟਰੇਟ ਕਮ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਇਸ ਸਮਝੌਤੇ ਦਾ ਵਿਸਥਾਰ ਦੱਸਦੇ ਕਿਹਾ ਕਿ ਇਹ ਟੈਕਸੀ ਉਬਰ ਦੇ ਐਪ ਤੋਂ ਆਮ ਦੀ ਤਰਾਂ ਹੀ ਬੁੱਕ ਹੋਵੇਗੀ ਪਰ ਇਸ ਦੀ ਵਰਤੋਂ ਕੇਵਲ ਤੇ ਕੇਵਲ ਮਰੀਜ਼ ਅਤੇ ਉਸਦੇ ਪਰਿਵਾਰਕ ਮੈਂਬਰ ਆਪਣੇ ਘਰ ਤੋਂ ਹਸਪਤਾਲ ਜਾਂ ਹਸਪਤਾਲ ਤੋਂ ਘਰ ਤੱਕ ਹੀ ਕਰ ਸਕਣਗੇ। ਉਨਾਂ ਸਪੱਸ਼ਟ ਕੀਤਾ ਕਿ ਇਕ ਵੇਲੇ ਡਰਾਈਵਰ ਤੋਂ ਇਲਾਵਾ 2 ਯਾਤਰੀ ਹੀ ਟੈਕਸੀ ਵਿਚ ਸਵਾਰੀ ਕਰ ਸਕਣਗੇ। ਉਨਾਂ ਦੱਸਿਆ ਕਿ ਉਬਰ ਇਸ ਲਈ 25 ਟੈਕਸੀ ਦਿਨ-ਰਾਤ ਸ਼ਹਿਰ ਵਿਚ ਚਲਾ ਸਕੇਗਾ ਅਤੇ ਇਸ ਸਫਰ ਬਦਲੇ ਆਪਣੇ ਸਟੈਂਟਰਡ ਕਿਰਾਇਆ ਵਸੂਲੇਗਾ। ਇਸ ਸੇਵਾ ਨੂੰ 'ਉਬਰ ਇਸੈਂਸਲ' ਦਾ ਨਾਮ ਦਿੱਤਾ ਗਿਆ ਹੈ।

ਟੈਕਸੀ ਕੰਪਨੀ ਨਾਲ ਕੀਤੇ ਗਏ ਸਮਝੌਤੇ ਅਨੁਸਾਰ ਸਾਰੇ ਡਰਾਈਵਰ ਦੀ ਸਮੇਂ-ਸਮੇਂ ਸਿਹਤ ਦਾ ਨਿਰੀਖਣ, ਵਹੀਕਲ ਨੂੰ ਸੈਨੇਟਾਈਜ਼ ਕਰਨਾ ਅਤੇ ਮਾਸਕ ਤੇ ਹੱਥ ਸਾਫ ਕਰਨ ਲਈ ਸੈਨੇਟਾਈਜ਼ ਦਾ ਪ੍ਰਬੰਧ ਕਰਨਾ ਤੇ ਉਸਦੀ ਵਰਤੋਂ ਕਰਨੀ ਵੀ ਜ਼ਰੂਰੀ ਹੋਵੇਗੀ। ਇਸ ਤੋਂ ਇਲਾਵਾ ਕੰਪਨੀ ਰੋਜ਼ਾਨਾ ਆਪਣੀਆਂ ਟੈਕਸੀ ਦੀ ਯਤਾਰਾ ਰਿਪੋਰਟ ਜਿਲਾ ਪ੍ਰਸ਼ਾਸਨ ਦੇ ਨੋਡਲ ਅਧਿਕਾਰੀ ਨੂੰ ਦੇਵੇਗੀ, ਤਾਂ ਕਿ ਜਾਂਚ ਕੀਤੀ ਜਾ ਸਕੇ ਕਿ ਕਿਧਰੇ ਟੈਕਸੀ ਦੀ ਦੁਰਵਰਤੋਂ ਤਾਂ ਨਹੀਂ ਕੀਤੀ ਗਈ।

ਉਬਰ ਨੇ ਇਸ ਸਮੇਂ ਦੌਰਾਨ ਹੀ ਜਿਲਾ ਪ੍ਰਸ਼ਾਸ਼ਨ ਖਾਸ ਕਰਕੇ ਹਸਪਤਾਲਾਂ ਵਿਚ ਕੰਮ ਕਰਦੇ ਡਾਕਟਰਾਂ ਤੇ ਹੋਰ ਅਮਲੇ ਲਈ 'ਉਬਰ ਮੈਡਿਕ' ਨਾਮ ਹੇਠ ਰੋਜ਼ਾਨਾ 20 ਟੈਕਸੀਆਂ ਮੁਫਤ ਦੇਣ ਦਾ ਐਲਾਨ ਕੀਤਾ ਹੈ। ਇਹ ਟੈਕਸੀਆਂ ਉਸ ਅਮਲੇ ਦੀ ਵਰਤੋਂ ਵਿਚ ਆ ਸਕਣਗੀਆਂ , ਜੋ ਕਿ ਫਰੰਟ ਲਾਇਨ ਉਤੇ ਕੰਮ ਕਰ ਰਹੇ ਹਨ। ਉਕਤ ਟੈਕਸੀ ਸਿਵਲ ਸਰਜਨ ਦਫਤਰ ਦੇ ਨਿਰਦੇਸ਼ ਉਤੇ ਕੰਮ ਕਰਨਗੀਆਂ , ਚਾਹੇ ਉਹ ਇਸ ਨੂੰ ਗੁਰੂ ਨਾਨਕ ਹਸਪਤਾਲ ਭੇਜਣ ਜਾਂ ਆਪਣੇ ਹੋਰ ਹਸਪਤਾਲਾਂ ਜਾਂ ਫੀਲਡ ਵਿਚ ਕੰਮ ਕਰਦੇ ਅਮਲੇ ਲਈ। ਉਕਤ ਸੇਵਾ ਜੋ ਕਿ ਕੇਵਲ ਸਿਹਤ ਸੇਵਾ ਦੇ ਖੇਤਰ ਵਿਚ ਕੰਮ ਕਰਦੇ ਅਮਲੇ ਲਈ ਹੈ , ਲਈ ਸਿਹਤ ਵਿਭਾਗ ਦੇ ਕੰਟਰੋਲ ਰੂਮ 0183-2535322, 2535323 ਉਤੇ ਫੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

==========

**File No.DIPR-PRSS0PRS1(356)/743/2020-DPRO Amritsar**

**I/21371/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਛੇਤੀ ਹੀ ਜਿਲੇ ਵਿਚ ਦੁਕਾਨਾਂ ਤੇ ਹੋਰ ਅਦਾਰਿਆਂ ਨੂੰ ਦਿੱਤੀ ਜਾਵੇਗੀ ਛੋਟ-ਸੋਨੀ

ਦੁਕਾਨਦਾਰ ਤੇ ਗਾਹਕਾਂ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਦਾ ਪਾਲਣ ਹੋਵੇਗਾ ਜ਼ਰੂਰੀ

ਅੰਮ੍ਰਿਤਸਰ, 30 ਅਪ੍ਰੈਲ ( )-

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਰਦੇਸ਼ਾਂ 'ਤੇ ਛੇਤੀ ਹੀ ਜਿਲੇ ਵਿਚ ਦੁਕਾਨਾਂ ਅਤੇ ਹੋਰ ਅਦਾਰੇ ਖੋਲਣ ਦੀ ਆਗਿਆ ਦਿੱਤੀ ਜਾਵੇਗੀ, ਪਰ ਇਸ ਲਈ ਜ਼ਰੂਰੀ ਹੋਵੇਗਾ ਕਿ ਦੁਕਾਨਦਾਰ, ਵਪਾਰੀ ਤੇ ਗਾਹਕ ਸਾਰੇ ਸਿਹਤ ਵਿਭਾਗ ਵੱਲੋਂ ਕੋਵਿਡ 19 ਸਬੰਧੀ ਦਿੱਤੀਆਂ ਹਦਾਇਤਾਂ ਦਾ ਇੰਨ-ਬਿੰਨ ਪਾਲਣ ਕਰਨ। ਉਨਾਂ ਕਿਹਾ ਕਿ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਵੱਲੋਂ ਆਪਣੀ ਟੀਮ ਨਾਲ ਇਸ ਬਾਬਤ ਯੋਜਨਾਬੰਦੀ ਕੀਤੀ ਜਾ ਰਹੀ ਹੈ, ਤਾਂ ਕਿ ਕਿਧਰੇ ਵੀ ਭੀੜ ਨਾ ਇਕੱਠੀ ਹੋਵੇ ਅਤੇ ਹਰੇਕ ਨੂੰ ਕੰਮ ਦਾ ਮੌਕਾ ਮਿਲ ਸਕੇ। ਅੱਜ ਅੰਮ੍ਰਿਤਸਰ ਕੇਂਦਰੀ ਹਲਕੇ ਲਈ ਸੋਨੀ ਪਰਿਵਾਰ ਤੇ ਏ. ਐਸ. ਫਾਰਮ ਵੱਲੋਂ 350 ਪਰਿਵਾਰਾਂ ਨੂੰ ਸੁੱਕੇ ਰਾਸ਼ਨ ਦੇ ਪੈਕ ਭੇਜਣ ਮੌਕੇ ਪ੍ਰੈਸ ਨਾਲ ਗੱਲਬਾਤ ਕਰਦੇ ਸ੍ਰੀ ਸੋਨੀ ਨੇ ਕਿਹਾ ਕਿ ਭਾਵੇਂ ਸਰਕਾਰ ਤੇ ਲੋਕ ਲੋੜਵੰਦਾਂ ਤੱਕ ਲਗਾਤਾਰ ਪਹੁੰਚ ਕਰ ਰਹੇ ਹਨ , ਪਰ ਮੁੱਖ ਮੰਤਰੀ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਜ਼ਰੂਰੀ ਛੋਟਾਂ ਦੇਣੀਆਂ ਵੀ ਸਾਡੇ ਵਿਚਾਰ ਅਧੀਨ ਹਨ।

ਉਨਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਹਰ ਕਿਸਮ ਦੀਆਂ ਨਵੀਆਂ ਉਸਾਰੀਆਂ ਦੀ ਆਗਿਆ ਵੀ ਦਿੱਤੀ ਜਾਵੇ , ਤਾਂ ਕਿ ਅਰਥਚਾਰਾ ਮੁੜ ਗਤੀ ਫੜ ਸਕੇ ਅਤੇ ਲੋਕਾਂ ਨੂੰ ਕੰਮ ਦੇ ਮੌਕੇ ਮਿਲ ਸਕਣ। ਇਸ ਤੋਂ ਇਲਾਵਾ ਜ਼ਿਲਾ ਅਧਿਕਾਰੀਆਂ ਵੱਲੋਂ ਉਦਯੋਗਿਕ ਐਸੋਸੀਏਸ਼ਨਾਂ ਨਾਲ ਮੀਟਿੰਗ ਕਰਕੇ ਉਨਾਂ ਨੂੰ ਪ੍ਰਵਾਨਿਤ ਖੇਤਰਾਂ ਵਿੱਚ ਦੁਬਾਰਾ ਕੰਮ ਸ਼ੁਰੂ ਕਰਨ ਦਾ ਮੌਕਾ ਵੀ ਵਿਚਾਰ ਅਧੀਨ ਹੈ। ਇਸ ਮੌਕੇ ਸ੍ਰੀ ਵਿਕਾਸ ਸੋਨੀ , ਸ੍ਰੀ ਰਾਘਵ ਸੋਨੀ, ਸ੍ਰੀ ਸ਼ਾਮ ਸੋਨੀ ਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

ਕੈਪਸ਼ਨ

ਅੰਮ੍ਰਿਤਸਰ ਕੇਂਦਰੀ ਹਲਕੇ ਲਈ ਰਾਸ਼ਨ ਦਾ ਟਰੱਕ ਤੋਰਨ ਮੌਕੇ ਸ੍ਰੀ ਓ ਪੀ ਸੋਨੀ।

=======

**File No.DIPR-PRSS0PRS1(356)/743/2020-DPRO Amritsar**

**I/21419/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਭਾਈ ਦਰਸ਼ਨ ਸਿੰਘ ਅਤੇ ਗੁਰੂ ਕੀ ਵਡਾਲੀ ਦੇ ਗੁਰਪ੍ਰੀਤ ਸਿੰਘ ਨੇ ਵੀ ਜਿੱਤੀ ਕੋਰੋਨਾ ਵਿਰੁੱਧ ਜੰਗ

ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਓ ਪੀ ਸੋਨੀ ਨੇ ਦਿੱਤੀ ਵਧਾਈ

ਅੰਮ੍ਰਿਤਸਰ,30 ਅਪ੍ਰੈਲ ( )-

ਸੰਕਟ ਦੇ ਦਿਨਾਂ ਵਿਚ ਖੁਸ਼ੀ ਵਾਲੀ ਖਬਰ ਹੈ ਕਿ ਕੋਵਿਡ 19 ਤੋਂ ਪੀੜਤ ਜ਼ਿਲੇ ਦੇ ਦੋ ਮਰੀਜ਼ਾਂ ਨੇ ਕੋਰੋਨਾ ਨੂੰ ਹਰਾ ਕੇ ਜਿੰਦਗੀ ਦੀ ਜੰਗ ਜਿੱਤੀ ਹੈ। ਇੰਨਾਂ ਵਿਚੋਂ ਇਕ ਹੈ ਪਿੰਡ ਗੁਰੂ ਕੀ ਵਡਾਲੀ ਦਾ 30 ਸਾਲਾ ਨੌਜਵਾਨ ਗੁਰਪ੍ਰੀਤ ਸਿੰਘ, ਜੋ ਕਿ ਜਿਲੇ ਦਾ ਕੋਵਿਡ 19 ਦਾ ਪਹਿਲਾ ਮਰੀਜ਼ ਹੈ। ਉਹ 23 ਮਾਰਚ ਨੂੰ ਸ਼ਤਾਬਦੀ ਰੇਲ ਰਾਹੀਂ ਨਵੀਂ ਦਿੱਲੀ ਤੋਂ ਆਉਂਦੇ ਵਕਤ ਹੀ ਕੋਵਿਡ-19 ਦੇ ਲੱਛਣਾਂ ਕਾਰਨ ਸਿੱਧਾ ਗੁਰੂ ਨਾਨਕ ਹਸਪਤਾਲ ਪਹੁੰਚ ਗਿਆ ਸੀ ਅਤੇ ਉਥੇ ਹੀ ਉਸਦਾ ਇਲਾਜ ਚੱਲਦਾ ਰਿਹਾ। ਦੂਸਰੇ ਹਨ ਭਾਈ ਨਿਰਮਲ ਸਿੰਘ ਖਾਲਸਾ ਦੇ ਸਾਥੀ ਰਹੇ ਭਾਈ ਦਰਸ਼ਨ ਸਿੰਘ , ਜੋ ਕਿ 2 ਅਪ੍ਰੈਲ ਨੂੰ ਭਾਈ ਖਲਾਸੇ ਦੇ ਸੰਪਰਕ ਵਿਚ ਹੋਣ ਕਾਰਨ ਕੋਵਿਡ ਦਾ ਸ਼ਿਕਾਰ ਹੋਏ ਅਤੇ ਉਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। 60 ਸਾਲਾ ਭਾਈ ਦਰਸ਼ਨ ਸਿੰਘ ਨੇ ਵੀ ਕੋਰੋਨਾ ਰੂਪੀ ਮਹਾਂਮਾਰੀ ਨੂੰ ਪਟਕਾ ਕੇ ਮਾਰਿਆ ਹੈ ਅਤੇ ਅੱਜ ਹਸਪਤਾਲ ਤੋਂ ਉਨਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ।

ਵਿਸ਼ੇਸ਼ ਗੱਲ ਇਹ ਹੈ ਕਿ 60 ਸਾਲਾ ਦਰਸ਼ਨ ਸਿੰਘ 2 ਅਪ੍ਰੈਲ ਤੋਂ ਲੈ ਕੇ ਅੱਜ ਭਾਵ 30 ਅਪ੍ਰੈਲ ਤੱਕ ਹਸਪਤਾਲ ਦਾਖਲ ਰਹੇ ਅਤੇ ਉਨਾਂ ਕੋਰੋਨਾ ਨੂੰ ਹਰਾਉਣ ਵਿਚ 28 ਦਿਨ ਲਗਾਏ, ਜਦਕਿ 30 ਸਾਲਾ ਨੌਜਵਾਨ ਗੁਰਪ੍ਰੀਤ ਸਿੰਘ 23 ਮਾਰਚ ਤੋਂ ਲੈ ਕੇ ਲਗਾਤਾਰ ਅੱਜ ਤੱਕ ਹਸਪਤਾਲ ਰਹੇ ਅਤੇ ਉਨਾਂ 41 ਦਿਨ ਵਿਚ ਇਹ ਜੰਗ ਜਿੱਤੀ। ਭਾਵੇਂ ਕਿ ਗੁਰਪ੍ਰੀਤ ਸਿੰਘ ਨੂੰ ਹਸਪਤਾਲ ਵਿਚ ਕੋਈ ਸਮੱਸਿਆ ਸਰੀਰਕ ਤੌਰ ਉਤੇ ਨਹੀਂ ਆਈ , ਪਰ ਉਨਾਂ ਦਾ ਟੈਸਟ ਲਗਾਤਾਰ ਪੌਜ਼ਿਟਵ ਆਉਂਦਾ ਰਿਹਾ ਹੋਣ ਕਾਰਨ ਉਨਾਂ ਨੂੰ ਛੁੱਟੀ ਨਹੀਂ ਦਿੱਤੀ ਜਾ ਸਕੀ , ਉਨਾਂ ਦੇ 5 ਵਾਰ ਮੈਡੀਕਲ ਟੈਸਟ ਕੀਤਾ ਗਿਆ। ਘਰ ਰਵਾਨਾ ਹੋਣ ਮਗਰੋਂ ਉਨਾਂ ਕਿਹਾ ਕਿ ਇੱਥੇ ਡਾਕਟਰਾਂ ਨੇ ਮੇਰਾ ਇਲਾਜ ਕੀਤਾ ਅਤੇ ਖਾਣੇ ਦਾ ਵੀ ਬਰਾਬਰ ਧਿਆਨ ਰੱਖਿਆ। ਮੈਂ ਡਾਕਟਰਾਂ ਉਤੇ ਭਰੋਸਾ ਰੱਖਿਆ ਅਤੇ ਜਿੰਦਗੀ ਪ੍ਰਤੀ ਹੌਸਲਾ ਨਹੀਂ ਛੱਡਿਆ। ਉਨਾਂ ਡਾ. ਰਾਜ ਕੁਮਾਰ ਵੇਰਕਾ ਤੇ ਸਿਵਲ ਸਰਜਨ ਡਾ. ਪ੍ਰਭਦੀਪ ਕੌਰ ਜੌਹਲ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ , ਜੋ ਕਈ-ਕਈ ਵਾਰ ਫੋਨ ਕਰਕੇ ਉਨਾਂ ਦੀ ਖਬਰ ਲੈਂਦੇ ਰਹੇ। ਉਨਾਂ ਕਿਹਾ ਕਿ ਅੱਜ ਡਾਕਟਰਾਂ ਵੱਲੋਂ ਕੀਤੇ ਇਲਾਜ ਸਦਕਾ ਮੈਂ ਸਿਹਤਯਾਬ ਹੋਇਆ ਹਾਂ। ਉਨਾਂ ਹਸਪਤਾਲ ਵਿਚ ਹੋਏ ਇਲਾਜ ਅਤੇ ਮਾਨਸਿਕ ਤੌਰ ਉਤੇ ਮਿਲੀ ਤਾਕਤ ਦਾ ਵੀ ਵਿਸ਼ੇਸ਼ ਤੌਰ ਉਤੇ ਜ਼ਿਕਰ ਕਰਦੇ ਕਿਹਾ ਕਿ ਇੰਨਾਂ ਸਾਰਿਆਂ ਦੀ ਬਦੌਲਤ ਹੀ ਮੈਂ ਮੁੜ ਘਰ ਨੂੰ ਚੱਲਿਆ ਹਾਂ। ਇਸੇ ਦੌਰਾਨ ਪ੍ਰਿੰਸੀਪਲ ਸ੍ਰੀਮਤੀ ਸੁਜਾਤਾ ਸ਼ਰਮਾ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਦਾ 29 ਅਤੇ 30 ਅਪ੍ਰੈਲ ਨੂੰ ਮੈਡੀਕਲ ਟੈਸਟ ਨੈਗੇਟਿਵ ਆਉਣ ਮਗਰੋਂ ਇੰਨਾਂ ਨੂੰ ਅੱਜ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ।

ਇਸ ਮੌਕੇ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਵੀ ਉਨਾਂ ਨੂੰ ਫੋਨ ਉਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਹਸਪਤਾਲ ਪ੍ਰਬੰਧਾਂ ਬਾਰੇ ਜਾਣਕਾਰੀ ਲਈ। ਡਾਕਟਰਾਂ ਨੇ ਫੁੱਲਾਂ ਦਾ ਗੁਲਦਸਤਾ ਅਤੇ ਜਿਲਾ ਪ੍ਰਸ਼ਾਸ਼ਨ ਵੱਲੋਂ ਸਹਾਇਕ ਕਮਿਸ਼ਨਰ ਸ. ਅੰਕੁਰਜੀਤ ਸਿੰਘ ਨੇ ਫੁੱਲ ਅਤੇ ਸੈਨੇਟਾਇਜ਼ਰ ਦਾ ਵੱਡਾ ਪੈਕ ਦੇ ਕੇ ਸ. ਦਰਸ਼ਨ ਸਿੰਘ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ। ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਸੁਜਾਤਾ ਸ਼ਰਮਾ, ਡਾ. ਵਰੁਣ ਵਿਸ਼ਕਰਨਾ, ਸ੍ਰੀ ਦਿਨੇਸ਼, ਮੈਡੀਕਲ ਸੁਪਰਡੈਂਟ ਡਾ. ਰਮਨ ਸ਼ਰਮਾ, ਡਾਕਟਰ ਸ੍ਰੀਮਤੀ ਵੀਨਾ ਚਤਰਥ, ਸਿਵਲ ਸਰਜਨ ਡਾ. ਜੁਗਲ ਕਿਸ਼ੋਰ, ਡਾ. ਸ਼ਿਵਚਰਨ, ਡਾ. ਸਤਪਾਲ, ਡਾ. ਅਵਤਾਰ ਸਿੰਘ ਧੰਜੂ, ਡਾ. ਸਵਿੰਦਰ ਸਿੰਘ ਸਲਵਾਨ, ਡਾ. ਮਦਨ ਮੋਹਨ ਅਤੇ ਹੋਰ ਹਾਜ਼ਰ ਸਨ।

ਕੈਪਸ਼ਨ

-ਹਸਪਤਾਲ ਤੋਂ ਘਰ ਨੂੰ ਰਵਾਨਾ ਹੋਣ ਮੌਕੇ ਸ੍ਰੀ ਗੁਰਪ੍ਰੀਤ ਸਿੰਘ ਤੇ ਭਾਈ ਦਰਸ਼ਨ ਸਿੰਘ।

==========

**File No.DIPR-PRSS0PRS1(356)/718/2020-DPRO Amritsar**

**I/21188/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਅੰਮ੍ਰਿਤਸਰ ਵਿਚ 30 ਅਪ੍ਰੈਲ ਤੋਂ ਨਹੀਂ ਖੁੱਲਣਗੀਆਂ ਦੁਕਾਨਾਂ-ਡਿਪਟੀ ਕਮਿਸ਼ਨਰ

ਰੋਟੇਸ਼ਨ ਵਾਇਜ਼ ਦੁਕਾਨਾਂ ਖੋਲਣ ਦੀ ਯੋਜਨਾਬੰਦੀ ਉਲੀਕ ਕੇ ਹੀ ਦਿੱਤੀ ਜਾਵੇਗੀ ਖੁੱਲ

ਅੰਮ੍ਰਿਤਸਰ, 29 ਅਪ੍ਰੈਲ ( )-ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਦੁਕਾਨਾਂ ਅਤੇ ਹੋਰ ਅਦਾਰੇ ਖੋਲਣ ਦੇ ਕੀਤੇ ਗਏ ਐਲਾਨ ਦੇ ਸੰਬਧ ਵਿਚ ਜਿਲਾ ਮੈਜਿਸਟਰੇਟ ਕਮ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਸਪੱਸ਼ਟ ਕੀਤਾ ਹੈ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਫਿਲਹਾਲ ਕੱਲ ਤੋਂ ਕਰਫਿਊ ਵਿਚ ਕੋਈ ਢਿੱਲ ਨਹੀਂ ਦਿੱਤੀ ਜਾ ਸਕਦੀ ਅਤੇ ਨਾ ਹੀ ਕੱਲ ਤੋਂ ਕੋਈ ਦੁਕਾਨ ਅੰਮ੍ਰਿਤਸਰ ਵਿਚ ਖੁੱਲੇਗੀ। ਉਨਾਂ ਕਿਹਾ ਕਿ ਇਸ ਸਬੰਧੀ ਮੁੱਖ ਮੰਤਰੀ ਵੱਲੋਂ ਆਈਆਂ ਹਦਾਇਤਾਂ ਅਨੁਸਾਰ ਕਿਹੜੀਆਂ ਦੁਕਾਨਾਂ ਨੂੰ ਖੁੱਲ ਦੇਣੀ ਹੈ ਬਾਬਤ ਵਿਸਥਾਰਤ ਯੋਜਨਾ ਬਣਾ ਕੇ ਰੋਟੇਵਸ਼ਨ ਵਾਇਜ਼ ਖੁੱਲ ਦਿੱਤੀ ਜਾਵੇਗੀ, ਜੋ ਕਿ ਸੰਭਵ ਤੌਰ ਉਤੇ 3 ਮਈ ਤੋਂ ਬਾਅਦ ਹੀ ਲਾਗੂ ਹੋਵੇਗੀ। ਉਨਾਂ ਜ਼ਿਲੇ ਵਿਚ ਕੱਲ ਭਾਵ 30 ਅਪ੍ਰੈਲ ਤੋਂ ਸਵੇਰੇ 7 ਤੋਂ 11 ਵਜੇ ਤੱਕ ਦੁਕਾਨਾਂ ਖੁੱਲਣ ਦੀ ਚੱਲ ਰਹੀ ਚਰਚਾ ਨੂੰ ਠੱਲ ਪਾਉਂਦੇ ਕਿਹਾ ਕਿ ਫਿਲਹਾਲ ਜਿਲੇ ਵਿਚ ਕਰਫਿਊ ਅਤੇ ਪਾਬੰਦੀਆਂ ਆਮ ਦੀ ਤਰਾਂ ਹੀ ਜਾਰੀ ਰਹਿਣਗੀਆਂ। ਉਨਾਂ ਕਿਹਾ ਕਿ ਸਾਨੂੰ ਆਪਣੇ ਨਾਗਰਿਕ ਦੀ ਜਾਨ ਦੀ ਪਰਵਾਹ ਦੁਕਾਨਾਂ ਨਾਲੋਂ ਵਧੇਰੇ ਹੈ , ਸੋ ਅਸੀਂ ਤੁਹਾਡੀ ਜਾਨ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਪੂਰੀ ਯੋਜਨਾਬੰਦੀ ਨਾਲ ਦੁਕਾਨਾਂ ਖੋਲਣ ਦੀ ਕੋਸ਼ਿਸ਼ ਕਰਾਂਗੇ , ਜਿਸ ਨਾਲ ਦੁਕਾਨਾਂ ਉਤੇ ਭੀੜ ਇਕੱਠੀ ਨਾ ਹੋਵੇ ਅਤੇ ਹਰੇਕ ਦੁਕਾਨਦਾਰ ਨੂੰ ਕਾਰੋਬਾਰ ਦਾ ਮੌਕਾ ਵੀ ਮਿਲੇ।

===========